# ਬੰਗਾਲ ਦੀ ਪਹਿਲੀ ਕ੍ਰਾਂਤੀ
# ਜਾਂ
# ਪਲਾਸੀ ਦੀ ਲੜਾਈ, 1757


# The First Bengal Revolution
# or
# Battle of Plassey, 1757

# ਜਾਣ ਪਹਿਚਾਣ (1)
# (Introduction)

- ਮਹਾਂਰਾਣੀ ਐਲਿਜ਼ਾਬੇਥ ਦੀ ਆਗਿਆ ਨਾਲ਼ 1600 ਈ. ਵਿੱਚ ਭਾਰਤ ਅਤੇ ਦੂਜੇ ਪੂਰਬੀ ਦੇਸ਼ਾਂ ਨਾਲ਼ ਵਪਾਰ ਕਰਨ ਲਈ ਇੱਕ ਕੰਪਨੀ ਸਥਾਪਿਤ ਕੀਤੀ ਗਈ ਜਿਸਦਾ ਨਾਮ ਈਸਟ ਇੰਡੀਆ ਕੰਪਨੀ ਰੱਖਿਆ ਗਿਆ। ਇਸ ਕੰਪਨੀ ਦਾ ਉਦੇਸ਼ ਵਪਾਰ ਦਾ ਵਿਸਥਾਰ ਕਰਨਾਂ ਅਤੇ ਆਰਥਿਕ ਲਾਭ ਪ੍ਰਾਪਤ ਕਰਨਾ ਸੀ। ਹੌਲ਼ੀ-ਹੌਲ਼ੀ ਅੰਗਰੇਜੀ ਕੰਪਨੀ ਦੀ ਸ਼ਕਤੀ ਵਧਣ ਲੱਗੀ। ਇਲਬਰਟ ਦੇ ਕਥਨ ਅਨੁਸਾਰ **"ਭਾਰਤ ਵਿੱਚ ਅੰਗਰੇਜਾਂ ਦੀ ਸ਼ਕਤੀ (1600–1765 ਈ.) ਇਤਿਹਾਸਕ ਦ੍ਰਿਸ਼ਟੀ ਤੋਂ ਦੋ ਸਾਧਨਾ ਤੋਂ ਪ੍ਰਾਪਤ ਕੀਤੀ ਗਈ। ਇਸਦੀ ਕੁੱਝ ਸ਼ਕਤੀ ਬ੍ਰਿਟਿਸ਼ ਸਮਰਾਟ ਅਤੇ ਪਾਰਲੀਮੈਂਟ ਤੋਂ ਲਈ ਗਈ ਅਤੇ ਕੁੱਝ ਭਾਰਤ ਦੇ 'ਮਹਾਨ ਮੁਗਲ' ਅਤੇ ਦੂਜੇ ਦੇਸੀ ਹਾਕਮਾਂ ਤੋਂ"।**
- "British authority in India (from 1600-1765) may be traced historically to a two-fold source. It is derived partly from the British Crown and Parliament, partly from the great Mughal and other native rulers of India"- Ilbert.


# ਜਾਣ-ਪਹਿਚਾਣ (2) (Introduction)

... ਅੰਗਰੇਜੀ ਕੰਪਨੀ ਦੇ ਨਾਲ਼ ਡੱਚਾਂ, ਪੁਰਤਗਾਲੀਆਂ ਅਤੇ ਫਰਾਂਸੀਸੀਆਂ ਨੇ ਵੀ ਭਾਰਤ ਨਾਲ਼ ਵਪਾਰ ਕਰਨ ਲਈ ਆਪਣੀਆਂ ਕੰਪਨੀਆਂ ਸਥਾਪਿਤ ਕਰ ਲਈਆਂ ਸਨ। 18ਵੀਂ ਸਦੀ ਦੇ ਆਰੰਭ ਤੱਕ ਅੰਗਰੇਜਾਂ ਨੇ ਡੱਚਾਂ ਅਤੇ ਪੁਰਤਗਾਲੀਆਂ ਦੀ ਸ਼ਕਤੀ ਨੂੰ ਨਸ਼ਟ ਕਰ ਦਿੱਤਾ। ਹੁਣ ਸਿਰਫ ਅੰਗਰੇਜਾਂ ਅਤੇ ਫਰਾਂਸੀਸੀਆਂ ਦੀਆਂ ਹੀ ਕੰਪਨੀਆਂ ਰਹਿ ਗਈਆਂ ਸਨ। ਇਹਨਾਂ ਵਿੱਚ ਕਈ ਸਾਲਾਂ ਤੱਕ ਸੰਘਰਸ਼ ਚੱਲਦਾ ਰਿਹਾ, ਅੰਤ ਵਿੱਚ ਅੰਗਰੇਜ ਫਰਾਂਸੀਸੀਆਂ ਨੂੰ ਹਰਾਉਣ ਵਿੱਚ ਸਫਲ ਹੋਏ ਅਤੇ ਯੂਰਪੀਅਨ ਵਿਰੋਧੀਆਂ ਦੀ ਗੈਰਹਾਜ਼ਰੀ ਵਿੱਚ ਅੰਗਰੇਜਾਂ ਲਈ ਭਾਰਤ ਵਿੱਚ ਰਾਜ ਸੱਤਾ ਪ੍ਰਾਪਤ ਕਰਨੀ ਸੌਖੀ ਹੋ ਗਈ। 1757 ਈ. ਵਿੱਚ ਪਲਾਸੀ ਦੀ ਲੜਾਈ ਵਿੱਚ ਬੰਗਾਲ ਦੇ ਨਵਾਬ ਨੂੰ ਅਤੇ 1764 ਈ. ਵਿੱਚ ਬਕਸਰ ਦੀ ਲੜਾਈ ਵਿੱਚ ਮੁਗਲ ਸਮਰਾਟ, ਬੰਗਾਲ ਦਾ ਨਵਾਬ, ਅਤੇ ਅਵਧ ਦੇ ਨਵਾਬ ਤਿੰਨਾਂ ਨੂੰ ਹਰਾਇਆ। ਇਸ ਤਰਾਂ ਭਾਰਤ ਵਿੱਚ ਅੰਗਰੇਜੀ ਸਾਮਰਾਜ ਦੀ ਨੀਂਹ ਰੱਖੀ ਗਈ।



# ਜਾਣ-ਪਹਿਚਾਣ (2)
# (Introduction)







ਬੰਗਾਲ ਦਾ ਨਵਾਬ
(ਸਿਰਾਜ-ਉਦ-ਦੌਲਾ)

ਕਲਾਈਵ (ਅੰਗਰੇਜੀ
ਕੰਪਨੀ) ਅਤੇ ਮੀਰ
ਜਾਫਰ

# ਪਲਾਸੀ ਦੀ ਲੜਾਈ
# ਦੇ
# ਕਾਰਨ

# Causes of
# The
# Battle of Plassey

# ਪਲਾਸੀ ਦੀ ਲੜਾਈ ਦੇ ਕਾਰਨ: ਭੂਮਿਕਾ
# (Causes of Battle of Plassey: An Introduction)

1707 ਈ. ਵਿੱਚ ਔਰੰਗਜੇਬ ਦੀ ਮੌਤ ਹੋ ਗਈ। ਉਸਤੋਂ ਬਾਅਦ ਮੁਗਲ ਸਾਮਰਾਜ ਦੇ ਵੱਖ-ਵੱਖ ਪ੍ਰਾਂਤ ਸੁਤੰਤਰ ਹੋਣ ਲੱਗੇ। 1740 ਈ. ਵਿੱਚ ਅਲੀਵਰਦੀ ਖਾਂ ਨੇ ਆਪਣੇ-ਆਪ ਨੂੰ ਬੰਗਾਲ, ਬਿਹਾਰ ਅਤੇ ਉੜੀਸਾ ਦਾ ਸੁਤੰਤਰ ਨਵਾਬ ਹੋਣ ਦਾ ਐਲਾਨ ਕਰ ਦਿੱਤਾ। ਉਹ ਇੱਕ ਯੋਗ ਹਾਕਮ ਸੀ। ਜਦ ਤੱਕ ਉਹ ਬੰਗਾਲ ਦਾ ਨਵਾਬ ਰਿਹਾ, ਉਸਨੇ ਅੰਗਰੇਜਾਂ ਨਾਲ਼ ਮਿੱਤਰਤਾ ਪੂਰਨ ਸੰਬੰਧ ਕਾਇਮ ਰੱਖੇ ਅਤੇ ਉਹਨਾਂ ਦੀ ਸ਼ਕਤੀ ਨੂੰ ਨਾ ਵਧਣ ਦਿੱਤਾ। 1756 ਈ. ਵਿੱਚ ਉਸਦੀ ਮੌਤ ਤੋਂ ਬਾਅਦ ਉਸਦਾ ਦੋਹਤਾ ਸਿਰਾਜ-ਉਦ-ਦੌਲਾ ਨਵਾਬ ਬਣਿਆਂ। ਰਾਜਗੱਦੀ ਉੱਤੇ ਬੈਠਣ ਤੋਂ ਜਲਦੀ ਹੀ ਬਾਅਦ ਉਸਦਾ ਅੰਗਰੇਜਾਂ ਨਾਲ਼ ਝਗੜਾ ਹੋ ਗਿਆ, ਜਿਸਦੇ ਸਿੱਟੇ ਵਜੋਂ ਦੋਵਾਂ ਵਿੱਚ 1757 ਈ. ਦੀ ਪਲਾਸੀ ਦੀ ਲੜਾਈ ਹੋਈ। ਪਲਾਸੀ ਦੀ ਲੜਾਈ ਦੇ ਕਾਰਨ ਅੱਗੇ ਲਿਖੇ ਅਨੁਸਾਰ ਹਨ:

# ਅੰਗਰੇਜਾਂ ਵੱਲੋਂ ਨਵਾਬ ਦੀ ਨਿਰਾਦਰੀ
# (Derespect of the Nawab by the British)

ਅੰਗਰੇਜਾਂ ਨੇ ਨਵੇਂ ਬਣੇ ਨਵਾਬ ਸਿਰਾਜ-ਉਦ-ਦੌਲਾ ਦਾ ਉੱਚਿਤ ਇੱਜਤ-ਮਾਣ ਨਾ ਕੀਤਾ। ਕਾਸਿਮ ਬਜ਼ਾਰ ਦੀ ਫਰੈਂਚ ਫੈਕਟਰੀ ਦੇ ਮੁਖੀ ਜੀਨ ਲਾਅ ਦੇ ਕਥਨ ਅਨੁਸਾਰ, "ਅੰਗਰੇਜ ਸਿਰਾਜ-ਉਦ-ਦੌਲਾ ਦੇ ਦਰਬਾਰ ਵਿੱਚ ਕਦੇ ਵੀ ਹਾਜ਼ਰ ਨਹੀਂ ਸਨ ਹੁੰਦੇ, ਬਲਕਿ ਉਹ ਜਾਣ-ਬੁੱਝ ਕੇ ਉਸ ਨਾਲ਼ ਕੋਈ ਗੱਲ-ਬਾਤ ਨਹੀਂ ਕਰਦੇ ਸਨ। ਕਈ ਵਾਰੀ ਤਾਂ ਉਹਨਾਂ ਨੇ ਆਪਣੀ ਕਾਸਿਮ ਬਾਜ਼ਾਰ ਦੀ ਫੈਕਟਰੀ ਵਿੱਚ ਉਸਨੂੰ ਦਾਖਲ ਹੋਣ ਤੋਂ ਵੀ ਰੋਕ ਦਿੱਤਾ।"

"They (British) never addressed themselves to Siraj-Ud-Daula for their business in the Darbar, but on the countrary, avoided all communications with him. On certain occassions they refused him admission to their factory at Kasim Bazar."- M. Jean Law.

ਜਦੋਂ ਨਵਾਬ ਗੱਦੀ ਤੇ ਬੈਠਿਆ ਤਾਂ ਅੰਗਰੇਜਾਂ ਨੇ ਭੇਟਾ ਦੇ ਰੂਪ ਵਿੱਚ ਉਸਨੂੰ ਕੁੱਝ ਵੀ ਨਾ ਭੇਜਿਆ। ਇਸ ਤਰਾਂ ਉਸਦੀ ਬਹੁਤ ਨਿਰਾਦਰੀ ਕੀਤੀ। ਨਵਾਬ ਆਪਣੀ ਨਿਰਾਦਰੀ ਨਾ ਸਹਾਰ ਸਕਿਆ ਅਤੇ ਅੰਗਰੇਜਾਂ ਨੂੰ ਰਾਜ ਵਿੱਚੋਂ ਕੱਢਣ ਬਾਰੇ ਸੋਚਣ ਲੱਗਾ।

# ਅੰਗਰੇਜਾਂ ਦੁਆਰਾ ਨਵਾਬ ਦੇ ਦੁਸ਼ਮਣਾਂ ਨੂੰ ਸਹਿਯੋਗ ਦੇਣਾਂ (English Support to The Enemies of Nawab)

ਜਦੋਂ ਸਿਰਾਜ-ਉਦ-ਦੌਲਾ 1756 ਈ. ਵਿੱਚ ਬੰਗਾਲ ਦਾ ਨਵਾਬ ਬਣਿਆਂ ਤਾਂ ਗੱਦੀ ਦੇ ਕੁੱਝ ਹੋਰ ਦਾਅਵੇਦਾਰ ਵੀ ਉੱਠ ਖੜ੍ਹੇ ਹੋਏ, ਜਿਵੇਂ ਕਿ ਨਵਾਬ ਦਾ ਛੋਟਾ ਭਰਾ ਮੁਰਾਦ-ਉਦ-ਦੌਲਾ ਅਤੇ ਨਵਾਬ ਦਾ ਚਚੇਰਾ ਭਰਾ ਸ਼ੌਕਤ ਜੰਗ। ਨਵਾਬ ਦਾ ਸੈਨਾਪਤੀ ਅਤੇ ਅਲੀਵਰਦੀ ਖਾਂ (ਪਹਿਲਾ ਨਵਾਬ) ਦਾ ਜੀਜਾ ਮੀਰ ਜਾਫਰ ਵੀ ਗੱਦੀ ਪ੍ਰਾਪਤ ਕਰਨ ਦੇ ਲਈ ਯਤਨ ਕਰਨ ਲੱਗਾ ਸੀ। ਅਜਿਹੀ ਰਾਜਨੀਤਿਕ ਸਥਿਤੀ ਦਾ ਅੰਗਰੇਜ ਪੂਰਾ ਲਾਭ ਉਠਾਉਣਾਂ ਚਾਹੁੰਦੇ ਸਨ। ਅੰਗਰੇਜਾਂ ਨੇ ਨਵਾਬ ਦੇ ਦੁਸ਼ਮਣਾਂ ਦੇ ਨਾਲ਼ ਗੰਢ-ਤਰੁੱਪ ਕਰਨੀ ਸ਼ੁਰੂ ਕਰ ਦਿੱਤੀ। ਨਵਾਬ ਸਿਰਾਜ-ਉਦ-ਦੌਲਾ ਅੰਗਰੇਜਾਂ ਦੀਆਂ ਇਹਨਾ ਸਾਜ਼ਿਸ਼ਾਂ ਤੇ ਕਾਬੂ ਪਾਉਣ ਵਿੱਚ ਅਸਫਲ ਰਿਹਾ। ਇਸ ਨਾਲ਼ ਅੰਗਰੇਜਾਂ ਅਤੇ ਨਵਾਬ ਵਿੱਚ ਦੁਸ਼ਮਣੀ ਵਧ ਗਈ, ਜਿਹੜੀ ਕਿ ਪਲਾਸੀ ਦੀ ਲੜਾਈ ਦਾ ਇੱਕ ਕਾਰਨ ਬਣੀ।

# ਨਵਾਬ ਦੀ ਹਿੰਦੂ ਵਿਰੋਧੀ ਨੀਤੀ
# (Anti-Hindu Policy of the Nawab)

ਬੰਗਾਲ ਦਾ ਪਹਿਲਾ ਨਵਾਬ ਅਲੀਵਰਦੀ ਖਾਂ ਉਦਾਰ ਧਾਰਮਿਕ ਵਿਚਾਰਾਂ ਵਾਲ਼ਾ ਸੀ। ਉਸਨੇ ਉੱਚੇ ਅਹੁਦਿਆਂ ਉੱਤੇ ਬਹੁਤ ਸਾਰੇ ਹਿੰਦੂਆਂ ਨੂੰ ਨਿਯੁਕਤ ਕੀਤਾ ਹੋਇਆ ਸੀ। ਉਸਤੋਂ ਬਾਅਦ ਸਿਰਾਜ-ਉਦ-ਦੌਲਾ ਨਵਾਬ ਬਣਿਆਂ, ਜਿਹੜਾ ਕਿ ਇੱਕ ਕੱਟੜਪੰਥੀ ਸੀ। ਉਸਨੇ ਅਨੇਕਾਂ ਹਿੰਦੂਆਂ ਨੂੰ ਉੱਚੇ ਸਰਕਾਰੀ ਅਹੁਦਿਆਂ ਤੋਂ ਹਟਾਉਣਾਂ ਸ਼ੁਰੂ ਕਰ ਦਿੱਤਾ। ਨਵਾਬ ਦੇ ਦੀਵਾਨ ਰਾਜ ਵੱਲਭ ਦੇ ਪੁੱਤਰ ਕ੍ਰਿਸ਼ਨ ਵੱਲਭ ਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਉਹ ਬਹੁਤ ਸਾਰਾ ਖਜ਼ਾਨਾ ਲੈ ਕੇ ਅੰਗਰੇਜਾਂ ਦੀ ਸ਼ਰਨ ਵਿੱਚ ਚਲਾ ਗਿਆ। ਨਵਾਬ ਦੇ ਵਾਰ-ਵਾਰ ਕਹਿਣ ਤੇ ਵੀ ਅੰਗਰੇਜਾਂ ਨੇ ਉਸਨੂੰ ਨਵਾਬ ਦੇ ਹਵਾਲੇ ਨਾ ਕੀਤਾ। ਇਸਤੋਂ ਇਲਾਵਾ ਅੰਗਰੇਜਾਂ ਨੇ ਅਜਿਹੇ ਹਿੰਦੂਆਂ ਨਾ਼ਲ ਗੱਠ-ਜੋੜ ਕਰਨਾਂ ਆਰੰਭ ਕਰ ਦਿੱਤਾ ਜੋ ਨਵਾਬ ਦੇ ਰਾਜ ਤੋਂ ਅਸੰਤੁਸ਼ਟ ਸਨ। ਉਹਨਾਂ ਨੇ ਇੱਕ ਪ੍ਰਸਿੱਧ ਹਿੰਦੂ ਜਗਤ ਸੇਠ ਨਾ਼ਲ ਸਮਝੌਤਾ ਕਰ ਲਿਆ ਅਤੇ ਇੱਕ ਹਿੰਦੂ ਕ੍ਰਿਸ਼ਨ ਚੰਦ ਨੂੰ ਆਪਣੇ ਰਾਜ ਵਿੱਚ ਸ਼ਰਨ ਦਿੱਤੀ। ਇਹਨਾਂ ਸਾਰੀਆਂ ਗੱਲਾਂ ਕਰਕੇ ਨਵਾਬ ਅੰਗਰੇਜਾਂ ਵਿਰੁੱਧ ਕਾਰਵਾਈ ਕਰਨਾ ਚਾਹੁੰਦਾ ਸੀ।

# ਅੰਗਰੇਜ਼ਾਂ ਦੁਆਰਾ ਕਲਕੱਤਾ ਦੀ ਕਿਲਾਬੰਦੀ
# (British Fortification of Calcutta)

ਸੱਤ ਸਾਲਾ ਜੰਗ (1756–1763 ਈ.) ਦੇ ਆਰੰਭ ਹੋਣ ਨਾਲ਼ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਨੇ ਕਲਕੱਤੇ ਵਿੱਚ ਆਪਣੀਆਂ–ਆਪਣੀਆਂ ਬਸਤੀਆਂ ਵਿੱਚ ਕਿਲੇ ਬਣਾਉਣੇ ਆਰੰਭ ਕਰ ਦਿੱਤੇ ਤਾਂ ਕਿ ਉਹ ਆਪਣੀ ਸ਼ਕਤੀ ਨੂੰ ਮਜ਼ਬੂਤ ਕਰ ਸਕਣ। ਨਵਾਬ ਇਸ ਕਾਰਵਾਈ ਨੂੰ ਸਹਿਣ ਲਈ ਤਿਆਰ ਨਹੀਂ ਸੀ। ਇਸ ਲਈ ਉਸਨੇ ਦੋਵਾਂ ਪੱਖਾਂ ਨੂੰ ਕਿਲੇਬੰਦੀ ਰੋਕਣ ਲਈ ਕਿਹਾ। ਫਰਾਂਸੀਸੀਆਂ ਨੇ ਤਾਂ ਉਸਦੀ ਆਗਿਆ ਨੂੰ ਮੰਨ ਲਿਆ ਪ੍ਰੰਤੂ ਅੰਗਰੇਜ਼ਾਂ ਨੂੰ ਉਸਨੂੰ ਕਿਹਾ ਕਿ ਉਹ ਵਪਾਰੀ ਹਨ, ਇਸ ਲਈ ਉਹਨਾਂ ਨੂੰ ਕਿਲੇ ਦੀ ਲੋੜ ਹੈ। ਅੰਗਰੇਜ਼ਾਂ ਨੇ ਉਸਦੀ ਆਗਿਆ ਸਵੀਕਾਰ ਕਰਨ ਤੋਂ ਨਾਂਹ ਕਰ ਦਿੱਤੀ। ਇਸ ਨਾਲ਼ ਦੋਵਾਂ ਸ਼ਕਤੀਆਂ ਵਿੱਚ ਟੱਕਰ ਲਾਜ਼ਮੀ ਹੋ ਗਈ।



# ਅੰਗਰੇਜਾਂ ਦੁਆਰਾ ਵਪਾਰਕ ਸਹੂਲਤਾਂ ਦੀ ਦੁਰਵਰਤੋਂ
# (Misuse of Commercial Concessions by the British)

ਮੁਗਲ ਸਮਰਾਟ ਅਤੇ ਬੰਗਾਲ ਦੇ ਨਵਾਬ ਵੱਲੋਂ ਅੰਗਰੇਜਾਂ ਨੂੰ ਬੰਗਾਲ ਵਿੱਚ ਵਪਾਰ ਕਰਨ ਸੰਬੰਧੀ ਅਨੇਕਾਂ ਸਹੂਲਤਾਂ ਦਿੱਤੀਆਂ ਗਈਆਂ ਸਨ। ਅੰਗਰੇਜੀ ਵਪਾਰੀ ਉਹਨਾਂ ਦਾ ਨਜ਼ਾਇਜ਼ ਲਾਭ ਉਠਾਉਣ ਲੱਗੇ ਸਨ। ਨਜ਼ਾਇਜ਼ ਢੰਗ ਦੇ ਨਾਲ਼ ਧਨ ਕਮਾਉਣ ਲਈ ਉਹਨਾਂ ਨੇ ਭਾਰਤੀ ਵਪਾਰੀਆਂ ਨੂੰ ਆਪਣੇ ਦਸਤਕ ਵੇਚਣੇ ਸ਼ੁਰੂ ਕਰ ਦਿੱਤੇ ਸਨ। ਇਸ ਤਰਾਂ ਅੰਗਰੇਜ ਵਪਾਰੀਆਂ ਦੇ ਨਾਲ਼-ਨਾਲ਼ ਭਾਰਤੀ ਵਪਾਰੀ ਵੀ ਬਿਨਾਂ ਟੈਕਸ ਦਿੱਤੇ ਅੰਗਰੇਜਾਂ ਦੇ ਨਾਮ ਉੱਤੇ ਵਪਾਰ ਕਰਨ ਲੱਗੇ ਸਨ। ਇਸ ਨਾਲ਼ ਨਵਾਬ ਨੂੰ ਆਰਥਿਕ ਹਾਨੀ ਹੋਈ ਅਤੇ ਦੇਸੀ ਵਪਾਰ ਅਤੇ ਉਦਯੋਗਾਂ ਨੂੰ ਧੱਕਾ ਲੱਗਾ। ਇਹ ਸਥਿਤੀ ਨਵਾਬ ਦੇ ਲਈ ਬੜੀ ਨਿਰਾਸ਼ਾਜਨਕ ਅਤੇ ਘਾਤਕ ਸੀ। ਅੰਗਰੇਜ ਵਪਾਰਕ ਸਹੂਲਤਾਂ ਦੀ ਗਲਤ ਵਰਤੋਂ ਨੂੰ ਬੰਦ ਕਰਨ ਦੇ ਲਈ ਤਿਆਰ ਨਹੀਂ ਸਨ। ਇਸ ਲਈ ਨਵਾਬ ਨੇ ਅੰਗਰੇਜਾਂ ਵਿਰੁੱਧ ਕਾਰਵਾਈ ਕਰਨ ਦਾ ਨਿਸ਼ਚਾ ਕਰ ਲਿਆ।

# ਨਵਾਬ ਦੁਆਰਾ ਕਲਕੱਤਾ ਤੇ ਕਬਜ਼ਾ
# (Nawab's Occupation of Calcutta)

ਨਵਾਬ ਸਿਰਾਜ–ਉਦ–ਦੌਲਾ ਦੇ ਕਹਿਣ ਤੇ ਜਦੋਂ ਅੰਗਰੇਜਾਂ ਨੇ ਕਲਕੱਤਾ ਦੀ ਕਿਲੇਬੰਦੀ ਦੀਆਂ ਗਤੀਵਿਧੀਆਂ ਬੰਦ ਨਾ ਕੀਤੀਆਂ ਤਾਂ ਨਵਾਬ ਨੇ 16 ਜੂਨ 1756 ਈ. ਨੂੰ ਕਲਕੱਤਾ ਉੱਤੇ ਹਮਲਾ ਕਰ ਦਿੱਤਾ ਅਤੇ ਆਪਣਾ ਅਧਿਕਾਰ ਕਰ ਲਿਆ। ਅੰਗਰੇਜ ਗਵਰਨਰ ਡਰੈਕ (Drake) ਨੇ ਹੋਰ ਅੰਗਰੇਜ ਅਧਿਕਾਰੀਆਂ ਦੇ ਨਾਲ਼ ਫੁਲਟਾ ਨਾਮੀ ਟਾਪੂ ਵਿੱਚ ਸ਼ਰਨ ਲੈ ਕੇ ਆਪਣੀ ਜਾਨ ਬਚਾਈ।


# ਕਾਲ-ਕੋਠੜੀ ਦੁਰਘਟਨਾਂ
# (Black Hole Tragedy)

- ਨਵਾਬ ਸਿਰਾਜ-ਉਦ-ਦੌਲਾ ਦੀਆਂ ਸੈਨਾਵਾਂ ਨੇ ਕਲਕੱਤਾ ਉੱਤੇ ਕਬਜ਼ਾ ਕਰਨ ਤੋਂ ਬਾਅਦ 146 ਅੰਗਰੇਜ ਕੈਦੀਆਂ ਨੂੰ 20 ਜੂਨ 1756 ਨੂੰ 18 ਫੁੱਟ ਲੰਮੇ ਅਤੇ 15 ਫੁੱਟ ਚੌੜੀ ਕੋਠੜੀ ਵਿੱਚ ਬੰਦ ਕਰ ਦਿੱਤਾ। ਜਦੋਂ ਅਗਲੀ ਸਵੇਰ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਭਿਆਨਕ ਗਰਮੀ ਹੋਣ ਕਾਰਨ ਅਤੇ ਸਾਹ ਘੁੱਟਣ ਦੇ ਕਾਰਨ 123 ਵਿਅਕਤੀ ਮਰ ਚੁੱਕੇ ਸਨ ਅਤੇ ਸਿਰਫ 23 ਜਿਊਂਦੇ ਬਚੇ ਸਨ। ਇਸ ਘਟਨਾਂ ਨੂੰ ਕਾਲ-ਕੋਠੜੀ ਘਟਨਾਂ (Black Hole Tragedy) ਦੇ ਨਾਮ ਨਾਲ਼ ਜਾਣਿਆਂ ਜਾਂਦਾ ਹੈ। ਇਸ ਨਾਲ਼ ਅੰਗਰੇਜ ਬਹੁਤ ਭੜਕ ਉੱਠੇ। ਇਸਨੂੰ ਪਲਾਸੀ ਦੀ ਲੜਾਈ ਦਾ ਇੱਕ ਮਹੱਤਵਪੂਰਨ ਕਾਰਨ ਮੰਨਿਆਂ ਜਾਂਦਾ ਹੈ। ਡਾ. ਭੋਲਾਨਾਥ ਵਰਗੇ ਆਧੁਨਿਕ ਇਤਿਹਾਸਕਾਰ ਇਸ ਘਟਨਾਂ ਦੀ ਸੱਚਾਈ ਵਿੱਚ ਵਿਸ਼ਵਾਸ਼ ਨਹੀਂ ਰੱਖਦੇ। ਇਤਿਹਾਸਕ ਪੁਸਤਕ ***ਸੀਅਰ-ਉਲ-ਮੁਤਾਖਰੀਨ*** ਵਿੱਚ ਇਸ ਘਟਨਾਂ ਦਾ ਵਰਣਨ ਨਹੀਂ ਹੈ। ਅਸਲ ਵਿੱਚ ਹਾਲਵੈੱਲ ਜਿਸਨੇ ਇਸ ਘਟਨਾਂ ਦਾ ਵਧਾ-ਚੜ੍ਹਾ ਕੇ ਵਰਣਨ ਕੀਤਾ ਉਹ ਇੱਕ ਝੂਠਾ ਵਿਅਕਤੀ ਸੀ ਜੋ ਨਵਾਬ ਅਤੇ ਅੰਗਰੇਜਾਂ ਦੇ ਸੰਬੰਧਾਂ ਨੂੰ ਖਰਾਬ ਕਰਨਾਂ ਚਾਹੁੰਦਾ ਸੀ। ਡਾ. ਵੀ. ਏ. ਸਮਿਥ ਇਸ ਘਟਨਾਂ ਨੂੰ ਨਹੀਂ ਮੰਨਦੇ। ਉਹ ਲਿਖਦੇ ਹਨ, "ਇਹ ਘਟਨਾਂ ਜਰੂਰੀ ਘਟੀ, ਬੇਸ਼ੱਕ ਇਸਦੀਆਂ ਕੁੱਝ ਗੱਲਾਂ ਅਨਿਸ਼ਚਿਤ ਹਨ"
- "The incedent certainly occured, although some uncertainty may exist concerning one or the other detail"- Dr. V. A. Smith



# ਅੰਗਰੇਜਾਂ ਦਾ ਕਲਕੱਤੇ ਉੱਤੇ ਮੁੜ-ਅਧਿਕਾਰ (Reoccupation of Calcutta by the British)

ਜਦੋਂ ਕਲਕੱਤੇ ਉੱਤੇ ਕਬਜ਼ੇ ਦੀ ਸੂਚਨਾਂ ਮਦਰਾਸ ਪਹੁੰਚੀ ਤਾਂ ਉੱਥੋਂ ਦੇ ਅਧਿਕਾਰੀਆਂ ਨੇ ਕਲਕੱਤਾ ਨੂੰ ਜਿੱਤਣ ਦਾ ਨਿਸ਼ਚਾ ਕੀਤਾ। ਕਲਾਈਵ ਜੋ ਉਸ ਸਮੇਂ ਉਸ ਸਮੇਂ ਫੋਰਟ ਸੇਂਟ ਡੇਵਿਡ ਦਾ ਗਵਰਨਰ ਸੀ, ਉਸਦੀ ਅਗਵਾਈ ਵਿੱਚ ਸਮੁੰਦਰੀ ਮਾਰਗ ਲਈ ਸੈਨਾ ਭੇਜੀ ਗਈ ਅਤੇ ਐਡਮਿਰਲ ਵਾਟਸਨ ਨੂੰ ਉਸਦੀ ਸਹਾਇਤਾ ਲਈ ਜਹਾਜਾਂ ਦੇ ਬੇੜੇ ਦੇ ਮੁਖੀ ਵਜੋਂ ਭੇਜਿਆ ਗਿਆ। ਉਹਨਾਂ ਨੇ ਨਵਾਬ ਵੱਲੋਂ ਨਿਯੁਕਤ ਕੀਤੇ ਗਵਰਨਰ ਮਾਣਕ ਚੰਦ ਨੂੰ ਹਰਾ ਕੇ ਭਜਾ ਦਿੱਤਾ ਅਤੇ ਕਲਕੱਤੇ ਤੇ ਮੁੜ ਕਬਜ਼ਾ ਕਰ ਲਿਆ। ਉਹਨਾ ਨੇ ਦੁਬਾਰਾ 3 ਜਨਵਰੀ 1757 ਨੂੰ ਡਰੇਕ ਨੂੰ ਉੱਥੋਂ ਦਾ ਗਵਰਨਰ ਬਣਾ ਦਿੱਤਾ। ਉਸ ਪਿੱਛੋਂ ਅੰਗਰੇਜਾਂ ਨੇ ਹੁਗਲੀ ਉੱਤੇ ਹਮਲਾ ਕਰਕੇ ਖੂਬ ਲੁੱਟ-ਮਾਰ ਕੀਤੀ। ਸੰਖੇਪ ਯੁੱਧ ਪਿੱਛੋਂ ਨਵਾਬ ਨੇ ਅੰਗਰੇਜਾਂ ਨਾਲ਼ ਫਰਵਰੀ 1757 ਵਿੱਚ ਸੰਧੀ ਕਰ ਲਈ। ਇਸ ਸੰਧੀ ਤਹਿਤ ਅੰਗਰੇਜਾਂ ਨੂੰ ਕਲਕੱਤਾ ਵਿੱਚ ਕਿਲਾ ਬਣਾਉਣ ਦਾ ਅਧਿਕਾਰ ਦੇ ਦਿੱਤਾ ਗਿਆ ਅਤੇ ਉਹਨਾ ਦੀਆਂ ਵਿਸ਼ੇਸ਼ ਵਪਾਰਕ ਸਹੂਲਤਾਂ ਵੀ ਮੁੜ ਬਹਾਲ ਕਰ ਦਿੱਤੀਆਂ ਗਈਆਂ। ਪਰ ਇਹ ਸੰਧੀ ਅਸਥਾਈ ਸਿੱਧ ਹੋਈ ਕਿਉਂਕਿ ਅੰਗਰੇਜਾਂ ਅਤੇ ਨਵਾਬ ਦੀ ਦੁਸ਼ਮਣੀ ਸਮਾਪਤ ਨਹੀਂ ਹੋਈ ਸੀ। ਕੁੱਝ ਮਹੀਨਿਆਂ ਬਾਅਦ ਫੈਸਲਾਕੁੰਨ ਪਲਾਸੀ ਦੀ ਲੜਾਈ ਹੋਈ।



ਲਾਰਡ ਕਲਾਈਵ

# ਅੰਗਰੇਜਾਂ ਦਾ ਚੰਦਰ ਨਗਰ ਤੇ ਅਧਿਕਾਰ
# (Caputre of Chader Nagar by the British)

ਨਵਾਬ ਨੂੰ ਹਰਾਉਣ ਅਤੇ ਉਸ ਨਾਲ਼ ਸੰਧੀ ਕਰਨ ਪਿੱਛੋਂ ਕਲਾਈਵ ਨੂੰ ਹੁਣ ਇਸ ਗੱਲ ਦਾ ਡਰ ਸਤਾਉਣ ਲੱਗਿਆ ਕਿ ਨਵਾਬ ਕਿਤੇ ਫਰਾਂਸੀਸੀਆਂ ਦੇ ਨਾਲ਼ ਅੰਗਰੇਜਾਂ ਵਿਰੁੱਧ ਸੰਧੀ ਨਾ ਕਰ ਲਵੇ। ਇਸ ਲਈ ਉਹ ਫਰਾਂਸੀਸੀਆਂ ਨੂੰ ਬੰਗਾਲ ਵਿੱਚੋਂ ਕੱਢ ਦੇਣਾਂ ਚਾਹੁੰਦਾ ਸੀ। ਮਾਰਚ 1757 ਈ. ਵਿੱਚ ਉਸਨੇ ਫਰਾਂਸੀਸੀਆਂ ਦੀ ਪ੍ਰਸਿੱਧ ਬਸਤੀ ਚੰਦਰ ਨਗਰ ਉੱਤੇ ਹਮਲਾ ਕਰ ਦਿੱਤਾ ਅਤੇ ਉਸਨੂੰ ਜਿੱਤਣ ਵਿੱਚ ਸਫਲ ਹੋ ਗਿਆ। ਫਰਾਂਸੀਸੀਆਂ ਨੂੰ ਹਰਾਉਣ ਤੋਂ ਬਾਅਦ ਅੰਗਰੇਜਾਂ ਦੀ ਸਥਿਤੀ ਬੰਗਾਲ ਵਿੱਚ ਦ੍ਰਿੜ ਹੋ ਗਈ। ਹੁਣ ਕਲਾਈਵ ਬਿਨਾਂ ਕਿਸੇ ਡਰ ਤੋਂ ਨਵਾਬ ਸਿਰਾਜ-ਉਦ-ਦੌਲਾ ਦੇ ਵਿਰੁੱਧ ਕਾਰਵਾਈ ਕਰ ਸਕਦਾ ਸੀ।

# ਕਲਾਈਵ ਦਾ ਮੀਰ ਜਾਫਰ ਨਾਲ਼ ਗੁਪਤ ਸਮਝੌਤਾ
# (Clive's Secret Agreement with Mir Jaffar)

ਕਲਾਈਵ ਨੇ ਨਵਾਬ ਸਿਰਾਜ-ਉਦ-ਦੌਲਾ ਦੇ ਵਿਰੋਧੀ ਅਸੰਤੁਸ਼ਟ ਵਿਅਕਤੀਆਂ ਦੇ ਨਾਲ਼ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਮੀਰ ਜਾਫਰ ਨਾਲ਼ ਸਮਝੌਤਾ ਕਰਨ ਦੀ ਸੋਚੀ। ਕਲਾਈਵ ਕੂਟਨੀਤੀ ਅਤੇ ਸਾਜ਼ਿਸ਼ ਰਚਣ ਵਿੱਚ ਮਾਹਿਰ ਸੀ। ਉਹ ਸਮਝੌਤਾ ਕਰਨ ਸਮੇਂ ਆਪਣੇ ਉਦੇਸ਼ ਦੀ ਪੂਰਤੀ ਲਈ ਚਾਲਬਾਜ਼ੀ, ਧੋਖੇ ਅਤੇ ਸਾਜ਼ਿਸ਼ ਤੋਂ ਕੰਮ ਲੈਣਾਂ ਚਾਹੁੰਦਾ ਸੀ। ਇਸ ਲਈ ਉਸਨੇ ਨਵਾਬ ਦੇ ਵਿਸ਼ਵਾਸ਼ਘਾਤੀ ਸੈਨਾਪਤੀ ਮੀਰ ਜਾਫਰ (ਜੋ ਪਹਿਲੇ ਨਵਾਬ ਅਲੀਵਰਦੀ ਖਾਂ ਦਾ ਭਣੋਈਆ ਸੀ) ਨਾਲ਼ ਗੁਪਤ ਸਮਝੌਤਾ ਕੀਤਾ, ਜਿਸ ਦੀਆਂ ਸ਼ਰਤਾਂ ਇਹ ਸਨ:

1) ਅੰਗਰੇਜਾਂ ਨੇ ਸਿਰਾਜ-ਉਦ-ਦੌਲਾ ਦੀ ਥਾਂ ਤੇ ਮੀਰ ਜਾਫਰ ਨੂੰ ਬੰਗਾਲ ਦਾ ਨਵਾਬ ਬਣਾਉਣਾਂ ਸਵੀਕਾਰ ਕੀਤਾ ਅਤੇ ਮੀਰ ਜਾਫਰ ਨੇ ਨਵਾਬ ਨੂੰ ਛੱਡ ਕੇ ਆਪਣੀ ਸੈਨਾਂ ਸਮੇਤ ਅੰਗਰੇਜਾਂ ਨਾਲ਼ ਮਿਲ ਜਾਣ ਦਾ ਵਚਨ ਦਿੱਤਾ।
2) ਮੀਰ ਜਾਫਰ ਨੇ ਅੰਗਰੇਜਾਂ ਨਾਲ਼ ਹਮਲੇ ਅਤੇ ਰੱਖਿਆ ਸੰਬੰਧੀ ਸੰਧੀ ਕਰਨਾ ਸਵੀਕਾਰ ਕੀਤਾ।
3) ਮੀਰ ਜਾਫਰ ਨੇ ਕਲਕੱਤੇ ਦੀ ਤਬਾਹੀ ਦੇ ਹਰਜ਼ਾਨੇ ਦੇ ਰੂਪ ਵਿੱਚ ਇੱਕ ਕਰੋੜ ਰੁਪਏ ਅੰਗਰੇਜੀ ਕੰਪਨੀ ਨੂੰ, ਪੰਜਾਹ ਲੱਖ ਰੁਪਏ ਕਲਕੱਤਾ ਦੇ ਅੰਗਰੇਜ ਨਿਵਾਸੀਆਂ ਨੂੰ ਅਤੇ ਵੀਹ ਲੱਖ ਰੁਪਏ ਉੱਥੋਂ ਦੇ ਹਿੰਦੂ ਨਿਵਾਸੀਆਂ ਨੂੰ ਦੇਣ ਦਾ ਵਚਨ ਦਿੱਤਾ।
4) ਮੀਰ ਜਾਫਰ ਨੇ ਅੰਗਰੇਜਾਂ ਨੂੰ ਵਪਾਰਕ ਸਹੂਲਤਾਂ ਦੇਣ ਦਾ ਅਤੇ ਹੁਗਲੀ ਦੇ ਨਜਦੀਕ ਕਿਲੇ ਬਣਾਉਣ ਦਾ ਵਚਨ ਵੀ ਦਿੱਤਾ।
5) ਜਦੋਂ ਤੱਕ ਮੀਰ ਜਾਫਰ ਸੰਧੀ ਦੀਆਂ ਸ਼ਰਤਾ ਦੀ ਪਾਲਣਾਂ ਕਰਦਾ ਰਹੇਗਾ, ਉਦੋਂ ਤੱਕ ਅੰਗਰੇਜੀ ਕੰਪਨੀ ਉਸਦੇ ਸਾਰੇ ਦੁਸ਼ਮਣਾਂ ਵਿਰੁੱਧ ਉਸਦੀ ਸਹਾਇਤਾ ਕਰਦੀ ਰਹੇਗੀ।

# ਕਲਾਈਵ–ਜਾਫਰ ਸਮਝੌਤਾ: ਅਮੀ ਚੰਦ ਨਾ.ਲ ਧੋਖਾ
# (Clive-Jaffar Agreement: a Fraud with Ami Chand)

ਕਲਾਈਵ–ਜਾਫਰ ਸਮਝੌਤਾ ਕਰਾਉਣ ਵਿੱਚ ਅਮੀ ਚੰਦ ਨਾਮ ਦੇ ਇੱਕ ਵਿਅਕਤੀ ਨੇ ਵਿਚੋਲੇ ਦਾ ਰੋਲ ਅਦਾ ਕੀਤਾ ਸੀ। ਸਮਝੌਤਾ ਹੋ ਜਾਣ ਤੋਂ ਬਾਅਦ ਅਮੀ ਚੰਦ ਨੇ ਕਲਾਈਵ ਨੂੰ ਇਹ ਧਮਕੀ ਦਿੱਤੀ ਕਿ ਜੇ ਅੰਗਰੇਜਾਂ ਨੇ ਸੰਧੀ ਪੱਤਰ ਦੀ ਇੱਕ ਸ਼ਰਤ ਦੇ ਰੂਪ ਵਿੱਚ ਉਸਨੂੰ ਤੀਹ ਲੱਖ ਰੁਪਏ ਦੇਣ ਦਾ ਵਚਨ ਨਾ ਦਿੱਤਾ ਤਾਂ ਉਹ ਨਵਾਬ ਸਿਰਾਜ–ਉਦ–ਦੌਲਾ ਦੇ ਸਾਹਮਣੇ ਸਾਰਾ ਪੋਲ ਖੋਹਲ ਦੇਵੇਗਾ। ਪਰ ਕਲਾਈਵ ਉਸਨੂੰ ਕੋਈ ਪੈਸਾ ਨਹੀਂ ਦੇਣਾਂ ਚਾਹੁੰਦਾ ਸੀ। ਇਸ ਲਈ ਉਸਨੇ ਛਲ–ਕਪਟ ਕੀਤਾ। ਉਸਨੇ ਸੰਧੀ–ਪੱਤਰ ਦੇ ਦੋ ਖਰੜੇ ਤਿਆਰ ਕਰਵਾਏ: ਇੱਕ ਅਸਲੀ ਅਤੇ ਦੂਜਾ ਨਕਲੀ। ਅਸਲੀ ਸੰਧੀ ਪੱਤਰ ਵਿੱਚ ਅਮੀ ਚੰਦ ਦੀ ਮੰਗ ਦਾ ਕੋਈ ਜ਼ਿਕਰ ਨਹੀਂ ਸੀ, ਪਰ ਨਕਲੀ ਸੰਧੀ ਪੱਤਰ ਵਿੱਚ ਉਸਨੂੰ ਤੀਹ ਲੱਖ ਰੁਪਏ ਦੇਣ ਦਾ ਵਰਣਨ ਕੀਤਾ ਗਿਆ ਸੀ। ਹੁਣ ਕਲਾਈਵ ਨੂੰ ਸਮੱਸਿਆ ਖੜ੍ਹੀ ਹੋ ਗਈ ਕਿਉਂਕ ਵਾਟਸਨ ਨਾਮ ਦੇ ਅੰਗਰੇਜ ਅਧਿਕਾਰੀ ਨੇ ਨਕਲੀ ਸੰਧੀ ਪੱਤਰ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ। ਕਲਾਈਵ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਵਾਟਸਨ ਦੇ ਜਾਅਲੀ ਦਸਤਖਤ ਕਰਵਾ ਲਏ। ਅਮੀ ਚੰਦ ਨੂੰ ਇਸ ਧੋਖੇ ਦਾ ਉਸ ਸਮੇਂ ਪਤਾ ਲੱਗਾ ਜਦੋਂ ਮੀਰ ਜਾਫਰ ਨਵਾਬ ਬਣ ਗਿਆ ਅਤੇ ਅੰਗਰੇਜਾਂ ਨੇ ਇਸ ਸਾਜ਼ਿਸ਼ ਨੂੰ ਸਫਲਤਾ ਪੂਰਨ ਨੇਪਰੇ ਚਾੜ੍ਹ ਦਿੱਤਾ।

# ਪਲਾਸੀ ਦੀ ਲੜਾਈ
# ਦਾ
# ਮਹੱਤਵ

# Significance of
# The
# Battle of Plassey

# ਪਲਾਸੀ ਦੀ ਲੜਾਈ ਦੀ ਮਹੱਤਤਾ: ਜਾਣ-ਪਹਿਚਾਣ
# (Significance of Battle of Plassey: Introduction)

ਪਲਾਸੀ ਦੀ ਲੜਾਈ ਭਾਰਤੀ ਇਤਿਹਾਸ ਦੀਆਂ ਕੁੱਝ ਕੁ ਮਹੱਤਵਪੂਰਨ ਫੈਸਲਾਕੁੰਨ ਲੜਾਈਆਂ ਵਿੱਚੋਂ ਇੱਕ ਗਿਣੀ ਜਾਂਦੀ ਹੈ। ਇਸਦਾ ਭਾਵੇਂ ਕੋਈ ਵਿਸ਼ੇਸ਼ ਸੈਨਿਕ ਮਹੱਤਵ ਨਹੀਂ ਸੀ, ਫਿਰ ਵੀ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਇਹ ਲੜਾਈ ਬੜੀ ਮਹੱਤਵਪੂਰਨ ਸੀ। ਇਸ ਨਾਲ਼ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਇਸ ਲੜਾਈ ਨੇ ਭਾਰਤੀਆਂ ਦੀ ਰਾਜਨੀਤਿਕ ਕਮਜ਼ੋਰੀ ਦਾ ਭਾਂਡਾ ਭੰਨ ਦਿੱਤਾ ਅਤੇ ਅੰਗਰੇਜਾਂ ਦੇ ਲਈ ਠੋਸ ਆਧਾਰ ਪ੍ਰਦਾਨ ਕਰ ਦਿੱਤਾ।

# ਕੋਈ ਸੈਨਿਕ ਮਹੱਤਵ ਨਹੀਂ
# (No Military Significance)

ਪਾਣੀਪਤ ਦੀਆਂ ਲੜਾਈਆਂ ਵਾਂਗ ਪਲਾਸੀ ਦੀ ਲੜਾਈ ਦਾ ਕੋਈ ਸੈਨਿਕ ਮਹੱਤਵ ਨਹੀਂ ਸੀ। ਕਿਉਂਕਿ ਇਸ ਲੜਾਈ ਵਿੱਚ ਕੋਈ ਨਵੀਂ ਯੁੱਧ ਪ੍ਰਣਾਲ਼ੀ ਅਤੇ ਅਸਤਰਾਂ-ਸਾਸ਼ਤਰਾਂ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਨਾ ਹੀ ਬਹਾਦਰੀ ਦੇ ਕੋਈ ਜੌਹਰ ਦਿਖਾਏ ਗਏ। ਅੰਗਰੇਜਾਂ ਦੀ ਇਸ ਲੜਾਈ ਵਿੱਚ ਜਿੱਤ ਨਵਾਬ ਦੇ ਸੈਨਾਪਤੀ ਅਤੇ ਹੋਰ ਉੱਚ ਅਧਿਕਾਰੀਆਂ ਦੇ ਵਿਸ਼ਵਾਸ਼ਘਾਤ ਕਾਰਨ ਹੋਈ। ਇਹ ਲੜਾਈ ਤਲਵਾਰ ਅਤੇ ਬਹਾਦਰੀ ਦੇ ਜ਼ੋਰ ਤੇ ਨਹੀਂ, ਸਗੋਂ ਕੂਟਨੀਤੀ ਦੀਆਂ ਚਾਲਾਂ ਨਾ਼ਲ ਜਿੱਤੀ ਗਈ ਸੀ। ਇਸ ਲੜਾਈ ਵਿੱਚ ਅੰਗਰੇਜਾਂ ਦੇ ਕੇਵਲ 65 ਸੈਨਿਕ ਅਤੇ ਨਵਾਬ ਦੇ 500 ਸੈਨਿਕ ਹੀ ਮਾਰੇ ਗਏ ਸਨ। **ਕੇ. ਐਮ. ਪਾਨੀਕਰ ਨੇ ਲਿਖਿਆ ਹੈ, “ਪਲਾਸੀ ਇੱਕ ਅਜਿਹਾ ਵਪਾਰ ਸੀ ਜਿਸ ਵਿੱਚ ਬੰਗਾਲ ਦੇ ਧਨਵਾਨ ਸੇਠਾਂ ਅਤੇ ਮੀਰ ਜਾਫਰ ਨੇ ਨਵਾਬ ਨੂੰ ਅੰਗਰੇਜਾਂ ਦੇ ਹੱਥਾਂ ਵਿੱਚ ਵੇਚ ਦਿੱਤਾ”।**

**"Plassey was a transanction in which the rich bankers of Bengal and Mir Jaffar sold out the Nawab to English".- K. M. Panikar.**

# ਇੱਕ ਫੈਸਲਾਕੁੰਨ ਲੜਾਈ
# (A Decisive Battle)

ਪਲਾਸੀ ਦੀ ਲੜਾਈ ਇੱਕ ਫੈਸਲਾਕੁੰਨ ਇਤਿਹਾਸਕ ਲੜਾਈ ਸੀ ਜਿਸਨੇ ਭਾਰਤ ਵਿੱਚ ਅੰਗਰੇਜਾਂ ਦੀ ਕਿਸਮਤ ਨੂੰ ਬਦਲ ਕੇ ਰੱਖ ਦਿੱਤਾ। ਇਸ ਲੜਾਈ ਦੇ ਕਾਰਨ ਭਾਰਤ ਵਿੱਚ ਉਹਨਾ ਦੇ ਪੈਰ ਜੰਮਣ ਲੱਗੇ ਅਤੇ ਉਹਨਾਂ ਨੂੰ ਭਵਿੱਖ ਦੇ ਪਸਾਰ ਲਈ ਇੱਕ ਠੋਸ ਆਧਾਰ ਮਿਲ ਗਿਆ। 24 ਪਰਗਨਿਆਂ ਦੀ ਦੀਵਾਨੀ ਪ੍ਰਾਪਤ ਹੋਣ ਦੇ ਨਾਲ਼ ਅਤੇ ਬੰਗਾਲ, ਬਿਹਾਰ ਤੇ ਉੜੀਸਾ ਵਿੱਚ ਅੰਗਰੇਜਾਂ ਦੇ ਕਠਪੁਤਲੀ ਨਵਾਬ ਬਣਨ ਨਾਲ਼ ਉਹਨਾ ਲਈ ਰਾਹ ਪੱਧਰਾ ਹੋ ਗਿਆ। ਅੰਗਰੇਜਾਂ ਨੂੰ ਹੁਣ ਇਸ ਗੱਲ ਦਾ ਵਿਸ਼ਵਾਸ਼ ਹੋ ਗਿਆ ਕਿ ਉਹ ਆਪਣੀ ਤਾਕਤ ਅਤੇ ਛਲ ਰਾਹੀਂ ਆਪਣੀ ਸੱਤਾ ਸਥਾਪਤ ਕਰ ਸਕਦੇ ਹਨ।

# ਨਵੇਂ ਯੁੱਗ ਦੀ ਸ਼ੁਰੂਆਤ
# (Beginning of a New Era)

ਪਲਾਸੀ ਦੀ ਲੜਾਈ ਸੈਨਿਕ ਦ੍ਰਿਸ਼ਟੀਕੋਣ ਤੋਂ ਇੱਕ ਸਧਾਰਨ ਜਿਹੀ ਲੜਾਈ ਸੀ, ਪਰ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਇਹ ਇਤਿਹਾਸ ਦੀਆਂ ਸਭ ਤੋਂ ਪ੍ਰਸਿੱਧ ਨਿਰਣਾਇਕ ਲੜਾਈਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਇਸ ਲੜਾਈ ਦੇ ਨਤੀਜੇ ਵਜੋਂ ਭਾਰਤ ਵਿੱਚ ਇੱਕ ਨਵੇਂ ਯੁੱਗ ਦਾ ਆਰੰਭ ਹੋਇਆ। ਬੰਗਾਲ ਦਾ ਨਵਾਂ ਨਵਾਬ ਮੀਰ ਜਾਫਰ ਅੰਗਰੇਜ਼ਾਂ ਦੇ ਅਧੀਨ ਕੰਮ ਕਰਨ ਲੱਗਾ। ਇਸ ਪ੍ਰਕਾਰ ਅੰਗਰੇਜ਼ਾਂ ਦੀ ਬੰਗਾਲ ਵਿੱਚ ਸਰਵਉੱਚਤਾ ਸਥਾਪਤ ਹੋ ਗਈ। ਨਵਾਬ ਨੇ ਉਹਨਾਂ ਨੂੰ 24 ਪਰਗਨਿਆਂ ਦੀ ਜ਼ਿੰਮੀਦਾਰੀ ਦੇ ਅਧਿਕਾਰ ਵੀ ਦਿੱਤੇ ਜਿਸ ਕਾਰਨ ਉਹਨਾਂ ਦੇ ਆਰਥਿਕ ਸਾਧਨਾਂ ਵਿੱਚ ਬਹੁਤ ਵਾਧਾ ਹੋਇਆ ਤੇ ਉਹ ਕਰਨਾਟਕ ਦੇ ਤੀਸਰੇ ਯੁੱਧ ਵਿੱਚ ਫਰਾਂਸੀਸੀਆਂ ਨੂੰ ਅਤੇ ਬਕਸਰ ਦੀ ਲੜਾਈ ਵਿੱਚ ਬੰਗਾਲ, ਅਵਧ ਦੇ ਨਵਾਬਾਂ ਅਤੇ ਦਿੱਲੀ ਦੇ ਮੁਗਲ ਸ਼ਾਸਕ ਨੂੰ ਹਰਾਉਣ ਵਿੱਚ ਸਫਲ ਹੋਏ ਅਤੇ ਉਹਨਾਂ ਨੇ ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੀ ਨੀਂਹ ਰੱਖੀ।

# ਅੰਗਰੇਜਾਂ ਨੂੰ ਆਰਥਿਕ ਅਤੇ ਵਪਾਰਕ ਲਾਭ
# (Economic and Commercial Gains of the British)

ਪਲਾਸੀ ਦੀ ਜਿੱਤ ਤੋਂ ਬਾਅਦ ਅੰਗਰੇਜਾਂ ਨੂੰ ਆਰਥਿਕ ਅਤੇ ਵਪਾਰਕ ਲਾਭ ਵੀ ਹੋਏ। ਮੀਰ ਜਾਫਰ ਨੇ ਨਵਾਬ ਬਣਨ ਪਿੱਛੋਂ 24 ਪਰਗਨੇ ਅੰਗਰੇਜਾਂ ਨੂੰ ਪ੍ਰਦਾਨ ਕੀਤੇ। ਇਹਨਾਂ ਪਰਗਨਿਆਂ ਦੀ ਜਿੰਮੀਦਾਰੀ ਤੋਂ ਕੰਪਨੀ ਨੂੰ ਕਾਫੀ ਆਮਦਨ ਹੋਣ ਲੱਗੀ। ਇਸਤੋਂ ਇਲਾਵਾ ਮੀਰ ਜਾਫਰ ਨੇ ਨਵਾਬ ਬਣਨ ਪਿੱਛੋਂ ਕੰਪਨੀ ਨੂੰ ਬਹੁਤ ਸਾਰਾ ਧਨ ਦਿੱਤਾ। ਕਲਾਈਵ ਅਤੇ ਕੰਪਨੀ ਦੇ ਹੋਰ ਅਧਿਕਾਰੀਆਂ ਨੂੰ ਵੀ ਬਹੁਤ ਸਾਰਾ ਧਨ ਦਿੱਤਾ ਗਿਆ। ਇਸਤੋਂ ਇਲਾਵਾ ਕੰਪਨੀ ਨੂੰ ਬਿਨਾਂ ਕਰ ਦਿੱਤੇ ਸਾਰੇ ਪ੍ਰਾਂਤ ਵਿੱਚ ਵਪਾਰ ਕਰਨ ਦਾ ਅਧਿਕਾਰ ਦਿੱਤਾ ਗਿਆ। ਅੰਗਰੇਜਾਂ ਨੇ ਕਲਕੱਤੇ ਵਿੱਚ ਆਪਣੀ ਟਕਸਾਲ ਸਥਾਪਤ ਕਰ ਲਈ ਅਤੇ ਆਪਣੇ ਨਾਮ ਦੇ ਸਿੱਕੇ ਜਾਰੀ ਕਰਨੇ ਆਰੰਭ ਕਰ ਦਿੱਤੇ।

# ਫਰਾਂਸੀਸੀਆਂ ਨੂੰ ਹਰਾਉਣ ਵਿੱਚ ਸਹਾਇਤਾ (Defeat of the French Faciliated)

ਪਲਾਸੀ ਦੀ ਲੜਾਈ ਦਾ ਇੱਕ ਮਹੱਤਵਪੂਰਨ ਨਤੀਜਾ ਇਹ ਨਿੱਕਲਿਆ ਕਿ ਅੰਗਰੇਜਾਂ ਦੇ ਆਰਥਿਕ ਸਾਧਨਾਂ ਵਿੱਚ ਬਹੁਤ ਵਾਧਾ ਹੋ ਗਿਆ ਸੀ ਜਿਸਦੇ ਕਾਰਨ ਉਹ ਕਰਨਾਟਕ ਦੀ ਤੀਜੀ ਲੜਾਈ (1756–63) ਵਿੱਚ ਫਰਾਂਸੀਸੀਆਂ ਨੂੰ ਹਰਾ ਸਕੇ। ਕਿਉਂਕਿ ਪਲਾਸੀ ਦੀ ਜਿੱਤ ਨਾਲ਼ ਅੰਗਰੇਜਾਂ ਦਾ ਅਮਲੀ ਰੂਪ ਵਿੱਚ ਬੰਗਾਲ ਤੇ ਅਧਿਕਾਰ ਹੋ ਗਿਆ ਅਤੇ ਬੰਗਾਲ ਤੋਂ ਹੀ ਦੱਖਣੀ ਭਾਰਤ ਵਿੱਚ ਅੰਗਰੇਜ ਸੈਨਿਕਾਂ ਲਈ ਰਸ਼ਦ ਆਦਿ ਜਾਂਦੀ ਰਹੀ। ਇਸਦੇ ਬਿਨਾਂ ਸ਼ਾਇਦ ਅੰਗਰੇਜ ਫਰਾਂਸੀਸੀਆਂ ਵਿਰੁੱਧ ਜਿੱਤ ਪ੍ਰਾਪਤ ਨਾ ਕਰ ਸਕਦੇ।

# ਈਸਟ ਇੰਡੀਆ ਕੰਪਨੀ ਦੀ ਸਥਿਤੀ ਵਿੱਚ ਤਬਦੀਲੀ (Change in the Character of East India Company)

ਪਲਾਸੀ ਦੀ ਲੜਾਈ ਦੇ ਨਤੀਜੇ ਵਜੋਂ ਅੰਗਰੇਜੀ ਕੰਪਨੀ ਦੀ ਸਥਿਤੀ ਵਿੱਚ ਵੀ ਵੱਡੀ ਤਬਦੀਲੀ ਆ ਗਈ। ਹੁਣ ਤੱਕ ਤਾਂ ਇਹ ਕੰਪਨੀ ਵਪਾਰੀਆਂ ਦੇ ਸੰਘ ਤੋਂ ਵੱਧ ਕੁੱਝ ਨਹੀਂ ਸੀ। ਪ੍ਰੰਤੂ ਪਲਾਸੀ ਦੀ ਲੜਾਈ ਪਿੱਛੋਂ ਇਹ ਅਵੱਸ਼ ਹੀ ਇੱਕ ਰਾਜਨੀਤਿਕ ਸ਼ਕਤੀ ਬਣ ਗਈ। ਇਸਨੇ ਆਉਣ ਵਾਲ਼ੇ ਸਾਲਾਂ ਵਿੱਚ ਬੰਗਾਲ ਅਤੇ ਭਾਰਤ ਦੀ ਰਾਜਨੀਤੀ ਵਿੱਚ ਵਧ-ਚੜ੍ਹ ਕੇ ਭਾਗ ਲੈਣਾਂ ਆਰੰਭ ਕਰ ਦਿੱਤਾ ਅਤੇ ਹੌਲ਼ੀ-ਹੌਲ਼ੀ ਇਹ ਭਾਰਤ ਵਿੱਚ ਸਰਵਉੱਚ ਸ਼ਕਤੀ ਬਣ ਗਈ।

# ਕਲਾਈਵ ਦੀ ਨਿੱਜੀ ਜਿੱਤ
# (Personal Triumph of Clive)

ਪਲਾਸੀ ਦੀ ਲੜਾਈ ਕਲਾਈਵ ਦੀ ਇੱਕ ਮਹਾਨ ਵਿਅਕਤੀਗਤ ਸਫਲਤਾ ਸੀ। ਇਸ ਨਾਲ਼ ਉਸਨੂੰ ਅਤਿ ਅਧਿਕ ਲਾਭ ਹੋਇਆ। ਉਸਨੂੰ ਸਨਮਾਨ ਅਤੇ ਧਨ–ਦੌਲਤ ਦੀ ਪ੍ਰਾਪਤੀ ਹੋਈ।

"The battle benefited Clive immensely. It brought him fame and riches"- Ishwari Prasad.

ਛੇਤੀ ਹੀ ਕਲਾਈਵ ਨੂੰ ਬੰਗਾਲ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ। ਉਸਨੇ ਇਸ ਸਰਵਉੱਚ ਪਦਵੀ ਤੇ 1757 ਈ. ਤੋਂ 1760 ਈ. ਤੱਕ ਅਤੇ ਬਾਅਦ ਵਿੱਚ 1765 ਈ. ਤੋਂ 1767 ਈ. ਤੱਕ ਕੰਮ ਕੀਤਾ।

# ਸਿੱਟਾ
# (Conclusion)

ਈਸਟ ਇੰਡੀਆ ਕੰਪਨੀ ਭਾਰਤ ਵਿੱਚ ਵਪਾਰ ਕਰਨ ਲਈ ਆਈ ਸੀ, ਪਰ ਬੰਗਾਲ ਦੇ ਨਵਾਬ ਦੀ ਕਮਜ਼ੋਰੀ ਦਾ ਫਾਇਦਾ ਉਠਾਉਂਦਿਆਂ ਹੋਇਆਂ ਅੰਗਰੇਜਾਂ ਨੇ ਨਵਾਬ ਦੇ ਸੈਨਾਪਤੀ ਮੀਰ ਜਾਫਰ ਦੇ ਨਾਲ਼ ਗਠਜੋੜ ਕਰ ਲਿਆ। ਮੀਰ ਜਾਫਰ ਦੇ ਵਿਸ਼ਵਾਸ਼ਘਾਤ ਕਾਰਨ ਸਿਰਾਜ-ਉਦ-ਦੌਲਾ (ਬੰਗਾਲ ਦਾ ਨਵਾਬ) ਨੂੰ ਪਲਾਸੀ ਦੀ ਲੜਾਈ ਵਿੱਚ ਹਾਰ ਦਾ ਮੂੰਹ ਵੇਖਣਾਂ ਪਿਆ। ਇਸ ਲੜਾਈ ਤੋਂ ਬਾਅਦ ਅੰਗਰੇਜਾਂ ਨੂੰ ਇਹ ਪੱਕਾ ਵਿਸ਼ਵਾਸ਼ ਹੋ ਗਿਆ ਕਿ ਉਹ 'ਤਾਕਤ ਅਤੇ ਛਲ' ਰਾਹੀਂ ਭਾਰਤ ਵਿੱਚ ਆਪਣਾ ਰਾਜ ਸਥਾਪਿਤ ਕਰ ਸਕਦੇ ਹਨ। 1763 ਈ. ਵਿੱਚ ਅੰਗਰੇਜਾਂ ਨੇ ਬਕਸਰ ਦੀ ਲੜਾਈ ਵਿੱਚ ਬੰਗਾਲ ਦੇ ਨਵਾਬ, ਅਵਧ ਦੇ ਨਵਾਬ, ਅਤੇ ਮੁਗਲ ਸਮਰਾਟ ਸ਼ਾਹ ਆਲਮ ਨੂੰ ਹਰਾ ਦਿੱਤਾ। ਇਸਤੋਂ ਬਾਅਦ ਅੰਗਰੇਜਾਂ ਦੇ ਰਾਜ ਦੀ ਭਾਰਤ ਵਿੱਚ ਨੀਂਹ ਰੱਖੀ ਗਈ।




**PROF. JASWINDER SINGH**
**DEPT. OF HISTORY**

AKAL DEGREE COLLEGE MASTUANA SAHIB